بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.09.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਉਹਨਾਂ ਲੋਕਾਂ ਦੀਆਂ ਸੰਗਤ ਵਿੱਚ ਬੈਠੋ ਜਿੰਨ੍ਹਾ ਨੂੰ ਦੇਖਕੇ ਤੁਹਾਨੂੰ ਰੱਬ ਚੇਤੇ ਆਵੇ ਅਤੇ ਜਿੰਨ੍ਹਾ ਨਾਲ ਗਲੱਾਂ ਕਰਕੇ ਤੁਹਾਡਾ ਧਾਰਮਕ ਗਿਆਨ ਵਧੇ ਅਤੇ ਜਿੰਨ੍ਹਾ ਦੇ ਕਰਮ ਤੁਹਾਨੂੰ ਪਰਲੈ ਦੀ ਚਿਤਾਵਨੀ ਕਰਾਏ ਮਾਂਪਿਆਂ ਨੂੰ ਵੀ ਆਪਣੇ ਬੱਚਿਆਂ ਦੀ ਸੰਗਤ ਤੇ ਬਹਿਣੀ ਉਪੱਰ ਨਜ਼ਰ ਰਖੱਣੀ ਚਾਹੀਦੀ ਹੈ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਸਤੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਦੁਨੀਆ ਵਿੱਚ ਸੰਗਤ ਤੇ ਸਭਾਵਾਂ ਦੀਆਂ ਬਹੁਤ ਸਾਰੀਆਂ ਕਿਸਮਾ ਹਨ । ਹਰ ਪ੍ਰਕਾਰ ਦੀ ਸਭਾ, ਕਮੇਟੀਆਂ ਤੇ ਮਿਲਕੇ ਬਹਿਣਾ ਸੰਸਾਰਕ ਕੰਮਾ ਲਈ ਹੁੰਦਾ ਹੈ, ਰੱਬ ਲਈ ਜਾਂ ਰੱਬ ਦੀ ਰਜ਼ਾ ਲਈ ਜਾਂ ਰੱਬ ਦੀ ਨੇੜਤਾ ਪਾਉਣ ਲਈ ਨਹੀਂ ਹੁੰਦੀਆਂ ਸਭਾਵਾਂ । ਜੇਕਰ ਲੋਕਾਂ ਦੀ ਭਲਾਈ ਲਈ ਵੀ ਕੋਈ ਸਭਾ ਲਗੱਦੀ ਹੈ ਜਾਂ ਕੁਝ ਗਲੱਾਂ ਸੋਚੀਆਂ ਜਾਂਦੀਆਂ ਹਨ ਤਾਂ ਉਹ ਵੀ ਸੰਸਾਰਕ ਉਦੇਸ਼ਿਆਂ ਲਈ ਹਨ । ਰੱਬ ਦੀ ਖ਼ੁਸ਼ੀ ਉਸਦਾ ਉਦੇਸ਼ ਨਹੀਂ ਹੁੰਦੀ, ਪਰ ਕੁਝ ਸਭਾਵਾਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਧਾਰਮਕ ਉਦੇਸ਼ਿਆਂ ਲਈ ਹੁੰਦੀਆਂ ਹਨ, ਮਨੁੱਖ ਨੂੰ ਰੱਬ ਦੇ ਨੇੜੇ ਲਿਆਉਣ ਦੇ ਵਿਚਾਰ ਨਾਲ ਸੋਚਣ ਨਾਲ ਸੰਬੰਧਤ ਹੁੰਦੀਆਂ ਹਨ । ਇਹਨਾਂ ਸਭਾਵਾਂ ਵਿੱਚ ਸ਼ਾਮਲ ਹੋਣ ਵਾਲੇ ਰੱਬ ਦੀ ਰਜ਼ਾ ਹਾਸਲ ਕਰਨ ਲਈ ਉਸ ਵਿੱਚ ਸ਼ਾਮਲ ਹੁੰਦੇ ਹਨ । ਅਜਿਹੀਆਂ ਸਭਾਵਾਂ ਹਨ ਜੋ ਰੱਬ ਨੂੰ ਪਸੰਦ ਹਨ ਅਤੇ ਅਜਿਹੀਆਂ ਸਭਾਵਾਂ ਦੇ ਸਿੱਟੇ ਇਸ ਸੰਸਾਰ ਵਿੱਚ ਵੀ ਪ੍ਰਕਟ ਹੁੰਦੇ ਹਨ ਅਤੇ ਅਜਿਹੀਆਂ ਸਭਾਵਾਂ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਰੱਬ ਮਰਨ ਦੇ ਬਾਦ ਵੀ ਨਿਵਾਜ਼ਦਾ ਹੈ । ਸੋ, ਇਕ ਮੋਮਿਨ ਦਾ ਕੰਮ ਹੈ, ਭਾਵੇਂ ਉਸ ਦੇ ਘਰ ਦੀ ਸਭਾ ਹੈ ਜਾਂ ਘਰ ਤੋਂ ਬਾਹਰ ਦੀ, ਇਹ ਜਤਨ ਰਹੇ ਕਿ ਅਸੀਂ ਰੱਬ ਦੀ ਰਜ਼ਾ ਨੂੰ ਕਿਵੇਂ ਹਾਸਲ ਕਰਨਾ ਹੈ ਅਤੇ ਆਪਣੀ ਆਤਮਕਤਾ ਨੂੰ ਕਿਵੇਂ ਸੰਭਾਲਣਾ ਹੈ ਅਤੇ ਕਿਵੇਂ ਚੰਗਾ ਬਨਾਉਣਾ ਹੈ । ਆਪਣੀ ਅਤੇ ਮੋਮਿਨਾ ਦੀ ਹਾਲਤ ਨੂੰ ਕਿਵੇਂ ਸੁਧਾਰਨਾ ਹੈ । ਇਕ ਮੋਮਿਨ ਦੀ ਵੇਖਣ ਨੂੰ ਸੰਸਾਰਕ ਸਭਾ ਵੀ ਇਲਾਹੀ ਵਿਚਾਰਾਂ ਤੋਂ ਸਖੱਣੀ ਨਹੀਂ ਹੁੰਦੀ । ਸੰਸਾਰਕ ਕੰਮਾ ਨੂੰ ਕਰਦਿਆਂ ਹੋਇਆ ਵੀ ਵਿਅਰਥ ਗਲੱਾਂ ਤੋਂ ਉਹ ਸੰਕੋਚ ਕਰਨ ਵਾਲਾ ਹੁੰਦਾ ਹੈ ।

ਇਹੋ ਇਕ ਮੋਮਿਨ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਗਲੱਾਂ ਨੂੰ ਹਰ ਸਮੇਂ ਸੰਮੁੱਖ ਰੱਖੇ । ਕੁਰਆਨ ਕਰੀਮ ਵਿੱਚ ਵੀ ਰੱਬ ਨੇ ਮੋਮਿਨਾਂ ਨੂੰ ਸਭਾ (ਸੰਗਤ) ਬਾਰੇ ਜੋ ਨਿਰਦੇਸ਼ ਦਿੱਤੇ ਹਨ ਉਹ ਇਹੋ ਹਨ ਕਿ ਅਵਗਿਆ ਤੇ ਵਿਦ੍ਰੋਹ ਤੋਂ ਪਾਕ, ਪਾਪਾਂ ਤੋਂ ਪਾਕ ਅਤੇ ਰਸੂਲੁੱਲਾਹ ਸਲਲੱਾਹੁ ਅਲੈਹਿ ਵਸਲਮ ਦੀ ਨਾਫ਼ਰਮਾਨੀ ਤੋਂ ਬਚਣ ਵਾਲੀ ਤੇ ਸੰਜਮਤਾ ਉਪੱਰ ਚਲੱਣ ਵਾਲੀ ਸਭਾ ਹੋਣੀ ਚਾਹੀਦੀ ਹੈ । ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਕੱਲ ਮੁਸਲਮਾਨਾ ਦੀਆਂ ਬਹੁਤੀਆਂ ਸਭਾਵਾਂ ਉਕੱਾ ਹੀ ਵਿਪਰੀਤ ਹਨ ਅਤੇ ਮੁਸਲਮਾਨ ਮੁਸਲਮਾਨ ਨੂੰ ਤਬਾਹ ਕਰਨ ਦੇ ਜਤਨਾਂ ਵਿੱਚ ਮਸਰੂਫ਼ ਹਨ ਅਤੇ ਯੋਜਨਾਵਾਂ ਬਣਾਉਂਦੇ ਹਨ । ਰੱਬ ਫ਼ਰਮਾਉਂਦਾ ਹੈ ਕਿ : يٰۤاَيُّهَا الَّذِيۡنَ اٰمَنُوۡۤا اِذَا تَنَاجَيۡتُمۡ فَلَا تَتَنَاجَوۡا بِالۡاِثۡمِ وَالۡعُدۡوَانِ وَمَعۡصِيَتِ الرَّسُوۡلِ وَتَنَاجَوۡا بِالۡبِرِّ وَالتَّقۡوٰى ؕ وَاتَّقُوا اللّٰهَ الَّذِىۡۤ اِلَيۡهِ تُحۡشَرُوۡنَ ਕਿ ਹੇ ਉਹ ਲੋਕੋ ਜੋ ਇਮਾਨ ਲਿਆਏ ਹੋ ਜੱਦ ਤੁਸੀਂ ਆਪੋ ਵਿੱਚ ਗੁਪੱਤ ਮਸ਼ਵਰੇ ਕਰੋ ਤਾਂ ਪਾਪਾਂ, ਅਵਗਿਆ, ਵਿਦ੍ਰੋਹ ਤੇ ਰਸੂਲੁਲੱਾਹ ਦੀ ਨਾਫ਼ਰਮਾਨੀ ’ਤੇ ਅਧਾਰਤ ਮਸ਼ਵਰੇ ਨ ਕਰਿਆ ਕਰੋ, ਹਾਂ ਨੇਕੀ ਤੇ ਸੰਜਮਤਾ ਬਾਰੇ ਮਸ਼ਵਰੇ ਕਰਿਆ ਕਰੋ ਅਤੇ ਰੱਬ ਤੋਂ ਡਰੋ, ਜਿਸ ਦੀ ਹਜ਼ੂਰੀ ਵਿੱਚ ਤੁਸੀਂ ਇਕੱਠੇ ਕੀਤੇ ਜਾਓਗੇ ।

ਪਰ ਜਿਵੇਂ ਕਿ ਮੈਂ ਕਿਹਾ ਮੁਸਲਮਾਨ ਰੱਬ ਦੇ ਇਸ ਫ਼ਰਮਾਨ ਨੂੰ ਭੁੱਲ ਗਏ ਹਨ । ਆਪੋ ਵਿੱਚ ਫ਼ੁੱਟ ਨੇ ਅਤਿ ਕੀਤਾ ਹੋਇਆ ਹੈ । ਰੱਬ ਨੇ ਤਾਂ ਮੋਮਿਨਾ ਦੀ ਇਹ ਨਿਸ਼ਾਨੀ ਦੱਸੀ ਕਿ ‘ਰੁਹਮਾਓ ਬੈਨਾਹੁਮ’ (رُحَمَآءُ بَيۡنَهُمۡ) ਕਿ ਆਪੋ ਵਿੱਚ ਪ੍ਰੇਮ ਤੇ ਪਿਅਰ ਕਰਨ ਵਾਲੇ ਹਨ ਪਰ ਏਥੇ ਤਾਂ ਸਾਨੂੰ ਇਹ ਹਾਲ ਦਿਖਾਈ ਦਿੰਦਾ ਹੈ ਜੋ ਕਾਫ਼ਰਾਂ ਵਾਲਾ ਦ੍ਰਿਸ਼ ਰੱਬ ਨੇ ਖਿੱਚਿਆ ਹੈ ਜਿੰਨ੍ਹਾ ਬਾਰੇ ਫ਼ਰਮਾਇਆ ਕਿ ‘ਵ ਕੁਲੂਬੁਹੁਮ ਸ਼ਤੱਾ’ (وَّقُلُوۡبُهُمۡ شَتّٰى) ਕਿ ਉਹਨਾਂ ਦੇ ਦਿਲ ਪਾਟੇ ਹੋਏ ਹਨ । ਆਪੋ ਵਿੱਚ ਵੀ ਅਤੇ ਹੋਰਾਂ ਨਾਲ ਵੀ, ਗੁਪਤ ਸਮਝੋਤਿਆਂ ਦੇ ਰੂਪ ਵਿੱਚ ਵੀ, ਪਰ ਰੱਬ ਅਤੇ ਉਸ ਦੇ ਰਸੂਲ ਦੀ ਨਾਫ਼ਰਮਾਨੀ ਕਰਦਿਆਂ ਹੋਇਆ ਅਤੇ ਸੰਜਮਤਾ ਤੋਂ ਦੂਰ । ਰੱਬ ਦਾ ਉਕੱਾ ਹੀ ਖ਼ੌਫ਼ ਨਹੀਂ ਰਿਹਾ । ਰੱਬ ਫ਼ਰਮਾਉਂਦਾ ਹੈ ਕਿ ਰੱਬ ਤੋਂ ਡਰੋ ਜਿਸ ਦੀ ਹਜ਼ੂਰੀ ਵਿੱਚ ਤੁਸੀਂ ਇਕੱਠੇ ਕੀਤੇ ਜਾਓਗੇ । ਓਥੇ ਹੁਕੂਮਤਾਂ, ਬਾਦਸ਼ਾਹੀਆਂ, ਧੰਨ ਦੌਲਤ ਅਤੇ ਪਛੱਮੀ ਸ਼ਕਤੀਆਂ ਦੇ ਅਸ਼ੀਰਵਾਦ ਕੰਮ ਨਹੀਂ ਆਉਣਗੇ । ਕੋਈ ਵੱਡੀ ਸ਼ਕਤੀ ਓਥੇ ਰੱਬ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਦੀ ਨਾਫ਼ਰਮਾਨੀਆਂ ਅਤੇ ਸੰਜਮਤਾ ਤੋਂ ਦੂਰ ਹਟਣ ਦੇ ਦੰਡ ਤੋਂ ਨਹੀਂ ਬਚਾ ਸਕੇਗੀ । ਰੱਬ ਦੇ ਵੁਜੂਦ ਉਪੱਰ ਇਮਾਨ ਨਿਸ਼ਚੇ ਹੀ ਖ਼ਤਮ ਹੋ ਚੁਕਿਆ ਹੈ ਵਰਨਾ ਜੇਕਰ ਰਤਾ ਵੀ ਰੱਬ ਦੇ ਵੁਜੂਦ ਉਪੱਰ ਇਮਾਨ ਅਤੇ ਵਿਸ਼ਵਾਸ ਹੁੰਦਾ ਤਾਂ ਮੁਸਮਾਲਮਾਨ ਸਿਆਸਤਦਾਨਾ ਤੇ ਰਾਜਨੀਤਿਕ ਲੀਡਰਾਂ ਦੀ ਇਹ ਹਾਲਤ ਹੁੰਦੀ ਜੋ ਅੱਜ ਹੈ ਅਤੇ ਨ ਹੀ ਨਾਂ ਨਿਹਾਦ ਮੌਲਵੀਆਂ ਦੀ ਇਹ ਹਾਲਤ ਹੁੰਦੀ ਜੋ ਅੱਜ ਸਾਨੂੰ ਦਿਖਾਈ ਦਿੰਦੀ ਹੈ । ਬਹਿਰਹਾਲ ਇਸ ਯੁੱਗ ਵਿੱਚ ਸਾਡਾ ਇਹ ਵੀ ਕਰਤਵ ਹੈ ਕਿ ਅਸੀਂ ਅਜਿਹੀਆਂ ਸਾਰੀਆਂ ਸੋਚਾਂ ਤੋਂ ਜਿੱਥੇ ਆਪਣੇ ਆਪ ਨੂੰ ਪਾਕ ਕਰੀਏ ਅਤੇ ਰੱਬ ਦੇ ਖ਼ੌਫ਼ ਤੇ ਸੰਜਮਤਾ ਨੂੰ ਆਪਣੇ ਅੰਦਰ ਵਧਾਈਏ ਓਥੇ ਜਿੰਨ੍ਹਾ ਦੀ ਇਹਨਾ ਲੋਕਾਂ ਤੱਕ ਪਹੁੰਚ ਹੈ ਗ਼ੈਰ ਅਹਮਦੀ ਮੁਸਲਮਾਨਾ ਤੱਕ ਅਤੇ ਸੰਬੰਧ ਹਨ, ਉਹ ਜਿਸ ਹੱਦ ਤੱਕ ਆਪਣੇ ਦਾਇਰੇ ਵਿੱਚ ਰਹਿੰਦਿਆਂ ਹੋਇਆਂ ਆਪਣੇ ਖੇਤਰ ਵਿੱਚ ਮੁਸਮਲਨਾਂ ਨੂੰ ਸਮਝਾ ਸਕਣ ਸਮਝਾਉਣ ਕਿ ਤੁਹਾਡੀ ਇਹ ਹਾਲਤ ਨ ਕੇਵਲ ਤੁਹਾਨੂੰ ਦੂਜਿਆਂ ਦੀ ਗ਼ੁਲਾਮੀ ਵਿੱਚ ਲੈ ਆਵੇਗੀ ਸਗੋਂ ਰੱਬ ਦੇ ਦੰਡ ਦੇ ਭਾਗੀ ਵੀ ਤੁਸੀਂ ਬਣੋਗੇ । ਜਿਸ ਦੁਨੀਆ ਦੇ ਪਿੱਛੇ ਤੁਸੀਂ ਪਏ ਹੋਏ ਹੋ ਉਹ ਵੀ ਤੁਹਾਡੇ ਹੱਥੋਂ ਖੁੰਝ ਜਾਏਗੀ ਅਤੇ ਦੀਨ (ਧਰਮ) ਤਾਂ ਤੁਸੀਂ ਪਹਿਲਾਂ ਹੀ ਛੱਡ ਬੈਠੇ ਹੋ । ਸੋ, ਹੁਣ ਸਮਾਂ ਹੈ, ਰੱਬ ਦਾ ਖ਼ੌਫ਼ ਅਤੇ ਸੰਜਮਤਾ ਦਿਲਾਂ ਵਿੱਚ ਪੈਦਾ ਕਰੋ ਵਰਨਾ ਸਭ ਕੁਝ ਹੱਥੋਂ ਜਾਂਦਾ ਰਹੇਗਾ ।

ਸੰਸਾਰਕ ਸਲਾਹ ਮਸ਼ਵਰਿਆਂ ਦੀ ਸਭਾ ਵਿੱਚੋਂ ਇਕ ਸਭਾ ਯੂ.ਐਨ.ਓ. ਵੀ ਹੈ । ਹੁਣੇ ਬੀਤੇ ਦਿਨੀ ਇਸ ਦੀ ਇਕ ਬੈਠਕ ਹੋਈ । ਅਮਰੀਕਾ ਦੇ ਰਾਸ਼ਟਰਪਤੀ ਦਾ ਭਾਸ਼ਣ ਸੀ । ਪਛੱਮੀ ਵਿਸ਼ਲੇਸ਼ਕ ਨੇ ਲਿੱਖਿਆ ਕਿ ਇਸ ਭਾਸ਼ਣ ਨਾਲ

ਬਜਾਏ ਅਮਨ ਦੇ, ਫ਼ਸਾਦ ਅਤੇ ਭ੍ਰਿਸ਼ਟਾਚਾਰ ਪੈਦਾ ਹੋਣ ਦੀ ਬਹੁਤੀ ਸੰਭਾਨਾ ਹੈ ਸਗੋਂ ਉਹਨਾਂ ਨੇ ਇਹ ਵੀ ਖੁਲੱਕੇ ਲਿੱਖ ਦਿਤੱਾ ਕਿ ਸੰਭਵਤਾ ਇਸ ਭਾਸ਼ਣ ਨਾਲ ਸਊਦੀ ਅਰਬ ਅਤੇ ਕੁਝ ਇਕ ਮੁਸਲਮਾਨ ਦੇਸ਼ ਖ਼ੁਸ਼ ਹੋਏ ਹੋਣਗੇ ਵਰਨਾ ਅਤਿਅੰਤ ਨਿਰਾਸ਼ਾ ਭਰਪੂਰ ਅਤੇ ਜੰਗ ਤੇ ਭ੍ਰਿਸ਼ਟਾਚਾਰ ਦੀ ਅੱਗ ਭੜਕਾਉਣ ਵਾਲਾ ਭਾਸ਼ਣ ਹੈ । ਸੋ, ਮੁਸਲਮਾਨ ਹੁਕੂਮਤਾਂ ਨੂੰ ਰੱਬ ਦੇ ਆਦੇਸ਼ਾਂ ਨੂੰ ਦੇਖਣਾ ਚਾਹੀਦਾ ਹੈ ਅਤੇ ਹਰ ਪ੍ਰਕਾਰ ਦੇ ਭ੍ਰਿਸ਼ਟਾਚਾਰ ਤੋਂ ਬਚਣਾ ਚਾਹੀਦਾ ਹੈ ।

ਬਹਿਰਹਾਲ ਸਾਧਾਰਣ ਮੁਸਲਿਮ ਜਗਤ ਵਿੱਚ ਜੋ ਕੁਝ ਹੋ ਰਿਹਾ ਹੈ ਉਸ ਦੀ ਚਰਚਾ ਕਰਦਿਆਂ ਹੋਇਆਂ ਮੈਂ ਗੱਲ ਕੀਤੀ ਹੈ, ਪਰ ਸਾਨੂੰ ਆਪਣੀ ਹਾਲਤਾਂ ਦੀ ਵੀ ਪੜਤਾਲ ਲੈਂਦੇ ਰਹਿਣਾ ਚਾਹੀਦੀ ਹੈ । ਸਾਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਸ਼ੈਤਾਨ ਨੂੰ ਵੀ ਸਹਿਨ ਨਹੀਂ ਹੋਵੇਗਾ ਕਿ ਜਮਾਤ ਨੂੰ ਤਰੱਕੀ ਕਰਦਾ ਹੋਇਆ ਦੇਖ ਸਕੇ । ਸ਼ੈਤਾਨ ਆਪਣੇ ਸੁਭਾਵ ਅਨੁਸਾਰ ਸਾਡੇ ਅੰਦਰ ਵੀ ਫੁੱਟ ਪਾਉਣ ਤੇ ਬੇਚੈਨੀ ਪੈਦਾ ਕਰਨ ਦਾ ਜਤਨ ਕਰਦਾ ਰਹਿੰਦਾ ਹੈ । ਸੋ, ਉਹ ਲੋਕ ਜੋ ਕਈ ਵਾਰ ਇਕੱਠੇ ਹੋਕੇ ਬਹਿੰਦੇ ਹਨ ਅਤੇ ਆਪਣੇ ਲੋਕਲ ਖੇਤਰ ਜਾਂ ਸ਼ਹਿਰ ਦੀ ਜਮਾਤੀ ਵਿਵਸਥਾ ਜਾਂ ਦੇਸ਼ ਦੀ ਜਮਾਤੀ ਵਿਵਸਥਾ ਬਾਰੇ ਗਲੱਾਂ ਕਰਦੇ ਹਨ, ਉਹ ਸ਼ੈਤਾਨ ਦੇ ਬਹਿਕਾਵੇ ਵਿੱਚ ਆ ਜਾਂਦੇ ਹਨ । ਸ਼ੈਤਾਨ ਦਾ ਕੰਮ ਕਿਉਂਕਿ ਹਮਦਰਦ ਬਣਕੇ ਵਾਰ ਕਰਨਾ ਹੈ ਇਸ ਲਈ ਅਜਿਹੀਆਂ ਸਭਾਵਾਂ ਵਿੱਚ ਅਜਿਹੇ ਲੋਕ ਵੀ ਸ਼ਾਮਲ ਹੋ ਜਾਂਦੇ ਹਨ ਜੋ ਵਾਸਤਵ ਵਿੱਚ ਜਮਾਤੀ ਵਿਵਸਥਾ ਦੇ ਖ਼ਿਲਾਫ਼ ਨਹੀਂ ਹੁੰਦੇ । ਏਧਰ ਓਧਰ ਸੰਗਤ ਲਗਾ ਕੇ ਗਲੱਾਂ ਕਰਨੀਆਂ ਅਤੇ ਅਜਿਹੇ ਅੰਦਾਜ਼ ਵਿੱਚ ਗਲੱਾਂ ਕਰਨੀਆਂ ਜਿਵੇਂ ਬਹੁਤ ਭੇਤ ਭਰੀਆਂ ਗਲੱਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਮਾਤ ਦਾ ਬਹੁਤ ਹੀ ਦਰਦ ਰਖੱਦਿਆਂ ਹੋਇਆਂ ਗਲੱਾਂ ਕੀਤੀਆਂ ਜਾ ਰਹੀਆਂ ਹਨ । ਇਹ ਬਿਲਕੁਲ ਹੀ ਗ਼ਲਤ ਤਰੀਕਾ ਹੈ ਅਤੇ ਪਾਪ, ਭ੍ਰਿਸ਼ਟਾਚਾਰ ਤੇ ਰਸੂਲ ਦੀ ਨਾਫ਼ਰਮਾਨੀ ਅਤੇ ਸੰਜਮਤਾ ਤੋਂ ਦੂਰੀ ਦੀਆਂ ਅਲਾਮਤਾਂ ਹਨ । ਸੋ, ਅਜਿਹੀਆਂ ਸਭਾਵਾਂ ਤੋਂ ਮੋਮਿਨਾਂ ਨੂੰ ਹੁਸ਼ਿਆਰ ਕੀਤਾ ਹੈ ਕਿ ਤੁਸੀਂ ਇਹਨਾਂ ਤੋਂ ਬਚੋ । ਕਿਸੇ ਉਹਦੇਦਾਰ ਬਾਰੇ ਸ਼ਿਕਾਇਤ ਹੈ ਜਾਂ ਅਮੀਰ ਵਿਰੁਧ ਸ਼ਿਕਾਇਤ ਹੈ ਤਾਂ ਕੇਂਦਰ ਨੂੰ ਸ਼ਿਕਾਇਤ ਕਰਨ, ਸਮੇਂ ਦੇ ਖ਼ਲੀਫ਼ਾ ਤੱਕ ਪਹੁੰਚਾ ਦੇਣ । ਇਸ ਦੇ ਜਮਾਤ ਦੇ ਲੋਕਾਂ ਦਾ ਕੰਮ ਖ਼ਤਮ ਹੋ ਜਾਂਦਾ ਹੈ । ਹੁਣ ਇਹ ਸਮੇਂ ਦੇ ਖ਼ਲੀਫ਼ਾ ਦਾ ਕੰਮ ਹੈ ਕਿ ਕਿਸੇ ਮਾਮਲੇ ਨੂੰ ਕਿਵੇਂ ਦੇਖਣਾ ਹੈ ਅਤੇ ਕਿਵੇਂ ਹੱਲ ਕਢੱਣਾ ਹੈ । ਹਾਂ, ਦੁਆ ਹਰ ਇਕ ਨੂੰ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ, ਹਰ ਅਹਮਦੀ ਨੂੰ ਪੀੜ੍ਹਾ ਨਾਲ ਦੁਆ ਕਰਨੀ ਚਾਹੀਦੀ ਹੈ ਕਿ ਰੱਬ ਹਰ ਪ੍ਰਕਾਰ ਦੀ ਬੁਰਾਈ ਨੂੰ ਜਮਾਤ ਵਿੱਚ ਕੱਢੇ ਅਤੇ ਤਕਵਾ (ਸੰਜਮਤਾ) ਉਪੱਰ ਚਲੱਣ ਵਾਲੇ ਅਤੇ ਕੰਮ ਕਰਨ ਵਾਲੇ ਹਮੇਸ਼ਾ ਜਮਾਤ ਨੂੰ ਮਿਲਦੇ ਰਹਿਣ ।

ਇਸ ਮਹਤੱਵਪੂਰਨ ਗੱਲ ਨੂੰ ਹਰ ਇਕ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਜਿਵੇਂ ਜਿਵੇਂ ਰੱਬ ਜਮਾਤ ਨੂੰ ਤਰੱਕੀ ਦਿੰਦਾ ਜਾਵੇਗਾ ਅਤੇ ਦੇ ਰਿਹਾ ਹੈ, ਸ਼ੈਤਾਨ ਨੇ ਵੀ ਆਪਣਾ ਕੰਮ ਕਰਨਾ ਹੈ । ਸ਼ੈਤਾਨ ਨੇ ਤਾਂ ਪਹਿਲੇ ਦਿਨ ਹੀ ਰੱਬ ਦੇ ਸਾਹਮਣੇ ਇਸ ਗੱਲ ਦਾ ਪ੍ਰਕਟਣ ਕਰ ਦਿਤੱਾ ਸੀ ਅਤੇ ਆਗਿਆ ਲੈ ਲਈ ਸੀ ਕਿ ਉਹ ਮੋਮਿਨਾਂ ਨੂੰ ਬਹਿਕਾਉਣ (ਵਰਗਲਾਉਣ) ਦਾ ਕੰਮ ਕਰੇਗਾ । ਜਮਾਤ ਅਹਮਦੀਆ ਦੇ ਵਿਰੋਧੀ ਜਿੱਥੇ ਖੁਲੱਕੇ ਜਮਾਤ ਵਿਰੋਧੀ ਯੋਜਨਾਵਾਂ ਬਣਾਉਂਦੇ ਹਨ ਅਤੇ ਬਨਾਉਣਗੇ, ਓਥੇ ਹਮਦਰਦੀ ਦੇ ਨਾਂ'ਤੇ ਸਾਧਾਰਣ ਲੋਕਾਂ ਨੂੰ ਅਤੇ ਕਮਜ਼ੋਰ ਇਮਾਨ ਵਾਲਿਆਂ ਨੂੰ ਵੀ ਭ੍ਰਿਸ਼ਟਾਚਾਰ ਲਈ ਆਪਣਾ ਸਾਧਨ ਬਣਾਉਂਦੇ ਹਨ । ਸੋ, ਅਹਮਦੀਆਂ ਨੂੰ ਇਸ ਸੰਬੰਧ ਵਿੱਚ ਹੋਸ਼ਿਆਰ ਰਹਿਣਾ ਚਾਹੀਦਾ ਹੈ । ਰੱਬ ਜਮਾਤ ਨੂੰ ਹਰ ਆਂਤਰਕ ਤੇ ਬਾਹਰੀ ਫ਼ਿਤਨੇ (ਭ੍ਰਿਸ਼ਟਾਚਾਰ) ਤੋਂ ਬਚਾਏ ਹਮੇਸ਼ਾਂ ਤੇ ਹਮੇਸ਼ਾ ਨੇਕੀ ਤੇ ਸੰਜਮਤਾ ਦੀਆਂ ਸਭਾਵਾਂ ਵਿੱਚ ਬੈਠਣ ਅਤੇ ਉਸਦਾ ਹਿਸੱਾ ਬਣਨ ਦਾ ਸੰਜੋਗ ਪ੍ਰਦਾਨ ਕਰੇ ਨ ਕਿ ਗੁਨਾਹ (ਪਾਪ), ਵਿਡੰਬਰ ਤੇ ਰਸੂਲ ਦੀ ਨਾਫ਼ਰਮਾਨੀ ਅਤੇ ਸੰਜਮਤਾ ਤੋਂ ਦੂਰ ਲੈ ਜਾਣ ਵਾਲੀਆਂ ਸਭਾਵਾਂ ਹੋਣ ।

ਸਭਾ ਦੀਆਂ ਵੱਖ ਵੱਖ ਕਿਸਮਾਂ ਤੇ ਹਾਲਤਾਂ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਕੁਝ ਫ਼ਰਮਾਨ ਹਨ ਅਤੇ ਆਪ ਦੇ ਸੱਚੇ ਗ਼ੁਲਾਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵੀ ਕੁਝ ਫ਼ਰਮਾਨ ਹਨ ਉਹ ਵੀ ਮੈਂ ਇਸ ਸਮੇਂ ਪੇਸ਼ ਕਰਦਾ ਹਾਂ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, ਜੱਦ ਦੇਖੋ ਕਿ ਕਿਸੇ ਸਭਾ ਵਿੱਚ ਅਲੱਾਹ ਤੇ ਉਸ ਦੇ ਰਸੂਲ ਉਪੱਰ ਹਾਸਾ ਠਠੱਾ ਹੋ ਰਿਹਾ ਹੈ ਤਾਂ ਜਾਂ ਤਾਂ ਓਥੋਂ ਚਲੇ ਜਾਓ ਤਾਂ ਜੋ ਤੁਸੀਂ ਉਹਨਾਂ ਵਿੱਚੋਂ ਨ ਗਿਣੇ ਜਾਓ ਅਤੇ ਜਾਂ ਫਿਰ ਪੂਰਾ ਪੂਰਾ ਖੁਲੱਕੇ ਉਤੱਰ ਦਿਓ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਭਾ ਵਿੱਚ ਬੈਠੇ ਵੀ ਰਹਿਣਾ ਅਤੇ ਹਾਜ਼ਰੀ ਦਰਸ਼ਾਉਂਦਿਆਂ ਹੋਇਆਂ ਜਾਂ ਕਿਸੇ ਖ਼ੌਫ਼ ਕਰਕੇ ਉਹਨਾਂ ਦੀਆਂ ਗਲੱਾਂ ਵਿੱਚ ਹਾਂ ਕਹਿੰਦੇ ਰਹਿਣਾ, ਫਿਰ ਦੱਬੀ ਜਿਹੀ ਅਵਾਜ਼ ਵਿੱਚ ਕਹਿ ਵੀ ਦੇਣਾ ਕਿ ਨਹੀਂ ਤੁਸੀਂ ਇਹ ਗ਼ਲਤ ਕਰ ਰਹੇ ਹੋ ਇਹ ਗੱਲ ਇਉਂ ਨਹੀਂ ਇਉਂ ਹੋਣੀ ਚਾਹੀਦੀ ਹੈ ਪਰ ਖੁਲੱਕੇ ਗੱਲ ਨਹੀਂ ਕਰਨੀ ਇਹ ਪਖੰਡ ਹੈ, ਇਹ ਮੋਮਿਨ ਦਾ ਤਰੀਕਾ ਨਹੀਂ ਹੈ । ਮੋਮਿਨ ਦੀ ਪ੍ਰਤੀਕ੍ਰਿਆ ਇਹ ਹੋਣੀ ਚਾਹੀਦੀ ਹੈ ਕਿ ਰੱਬ ਅਤੇ ਰਸੂਲ ਜਾਂ ਉਸ ਦੀ ਬਣਾਈ ਜਮਾਤ ਦੀ ਵਿਵਸਥਾ ਬਾਰੇ ਕੋਈ ਖ਼ਿਲਾਫ਼ ਗੱਲ ਸੁਣੇ ਤਾਂ ਸਖ਼ਤੀ ਨਾਲ ਰੱਦ ਕਰੋ ਅਤੇ ਇਹਨਾਂ ਗਲੱਾਂ ਕਰਨ ਵਾਲਿਆਂ ਨੂੰ ਦੱਸੋ ਕਿ ਜੇਕਰ ਤੁਹਾਡੇ ਇਹ ਵਿਚਾਰ ਹਨ, ਇਹ ਸਾਰੀਆਂ ਗਲੱਾਂ ਸਹੀ ਹਨ ਤਾਂ ਸਮੇਂ ਦੇ ਖ਼ਲੀਫ਼ਾ ਅਤੇ ਨਿਜ਼ਾਮ ਨੂੰ ਦੱਸੋ ਪਰ ਇਉਂ ਗਲੱਾਂ ਕਰਨੀਆਂ ਉਚਿਤ ਨਹੀਂ । ਅਜਿਹੀਆਂ ਸਭਾਵਾਂ ਵਿੱਚ ਜੇਕਰ ਮਨੁੱਖ ਬੈਠਾ ਰਹੇ ਅਤੇ ਦੱਬੀ ਅਵਾਜ਼ ਵਿੱਚ ਰੱਦ ਕਰੇ ਅਤੇ ਖੁਲੱਕੇ ਨ ਬੋਲੇ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਪਖੰਡ ਬਣ ਜਾਂਦਾ ਹੈ ਅਤੇ ਇਸ ਤੋਂ ਇਕ ਮੋਮਿਨ ਨੂੰ ਬਚਣਾ ਚਾਹੀਦਾ ਹੈ ਅਤੇ ਦੀਨ (ਧਰਮ) ਦੇ ਮਾਮਲੇ ਵਿੱਚ ਅਤੇ ਨਿਜ਼ਾਮ ਦੇ ਮਾਮਲੇ ਵਿੱਚ ਕਦੇ ਵੀ ਬੇਗ਼ੈਰਤੀ ਨਹੀ ਦਿਖਾਉਣੀ ਚਾਹੀਦੀ ਅਤੇ ਆਪਣੀ ਗ਼ੈਰਤ ਦਾ ਪ੍ਰਕਟਣ ਦੋ ਤਰੀਕਿਆਂ ਨਾਲ ਹੈ ਜਾਂ ਤਾਂ ਖੁਲੱਕੇ ਉਤੱਰ ਦਿਓ ਜਾਂ ਉਠੱਕੇ ਇਸ ਸਭਾ ਵਿੱਚੋਂ ਚਲੇ ਜਾਓ । ਇਹੋ ਤਰੀਕਾ ਰੱਬ ਨੇ ਵੀ ਫ਼ਰਮਾਇਆ ਹੈ ਅਤੇ ਇਸ ਦਾ ਵਿਸਥਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਵੀ ਕਤਾ ਹੈ ।

ਇਕ ਰਿਵਾਇਤ ਵਿੱਚ ਇਉਂ ਆਉਂਦਾ ਹੈ ਕਿ ਇਕ ਸਹਾਬੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਮਲ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਬਿਨਤੀ ਕੀਤੀ ਕਿ ਹੇ ਰਸੂਲੁਲੱਾਹ ਮੈਂਨੂੰ ਕੋਈ ਨਸੀਹਤ ਕਰਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਲੱਾਹ ਦਾ ਤਕਵਾ (ਸੰਜਮਤਾ) ਧਾਰਣ ਕਰੋ ਅਤੇ ਜੱਦ ਤੁਸੀਂ ਕਿਸੇ ਕੌਮ ਦੀ ਸਭਾਂ ਵਿੱਚ ਜਾਓ ਅਤੇ ਉਹਨਾਂ ਨੂੰ ਆਪਣੇ ਸੁਭਾਉ ਦੀਆਂ ਗਲੱਾਂ ਕਰਦਿਆਂ ਹੋਇਆਂ ਦੇਖੋ ਤਾਂ ਓਥੇ ਠਹਿਰੋ ਅਰਥਾਤ ਇਹ ਕਿ ਨੇਕੀਆਂ ਦੀਆਂ ਗਲੱਾਂ ਜੇਕਰ ਕਰ ਰਹੇ ਹੋਣ ਅਤੇ ਗ਼ਲਤ ਗਲੱਾਂ ਨਹੀਂ ਕਰ ਰਹੇ ਹੋਣ ਭ੍ਰਿਸ਼ਟਾਚਾਰ ਦੀਆਂ ਗਲੱਾਂ ਨਹੀਂ ਕਰ ਰਹੇ ਹੋਣ ਤਾਂ ਓਥੇ ਠਹਿਰੋ ਅਤੇ ਜੇਕਰ ਉਹ ਅਜਿਹੀਆਂ ਗਲੱਾਂ ਵਿੱਚ ਰੁਝੇ ਹੋਣ ਜਿੰਨ੍ਹਾ ਨੂੰ ਤੁਸੀਂ ਪਸੰਦ ਨਹੀਂ ਕਰਦੇ ਹੋਵੋ ਤਾਂ ਉਸ ਸਭਾ ਨੂੰ ਛੱਡ ਦਿਓ । ਹਜ਼ਰਤ ਅਬਦੁਲੱਾਹ ਬਿਨ ਅਬੱਾਸ ਵਰਨਣ ਕਰਦੇ ਹਨ ਕਿ ਇਕ ਵਿਅਕਤੀ ਨੇ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਪੁੱਛਿਆ ਕਿ ਅਸੀਂ ਕਿਹੜੇ ਲੋਕਾਂ ਦੀ ਸਭਾਂ ਵਿੱਚ ਬੈਠੀਏ ? ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਸੀਂ ਉਹਨਾਂ ਲੋਕਾਂ ਦੀਆਂ ਸਭਾ ਵਿੱਚ ਬੈਠੋ ਜਿੰਨ੍ਹਾ ਨੂੰ ਦੇਖਕੇ ਤੁਹਾਨੂੰ ਰੱਬ ਚੇਤੇ ਆਵੇ ਅਤੇ ਜਿੰਨ੍ਹਾ ਨਾਲ ਗਲੱਾਂ ਕਰਕੇ ਤੁਹਾਡੇ ਧਾਰਮਕ ਗਿਆਨ ਵਿੱਚ ਵਾਧਾ ਹਵੇ ਅਤੇ ਜਿੰਨ੍ਹਾ ਦੇ ਕਰਮ ਤੁਹਾਨੂੰ ਆਖ਼ਰਤ ਦੀ ਯਾਦ ਕਰਾਉਣ । ਸੋ, ਇਹ ਹੈ ਉਹ ਮਾਰਗਦਰਸ਼ਕੀ ਉਸੂਲ ਜੋ ਇਕ ਮੋਮਿਨ ਨੂੰ ਆਪਣੀਆਂ ਸਭਾਵਾਂ ਦੇ ਚੋਣ ਸਮੇਂ ਸਾਹਮਣੇ ਰਖੱਣੀਆਂ ਚਾਹੀਦੀਆਂ ਹਨ। ਜੇਕਰ ਕੇਵਲ ਦੁਨੀਆਦਾਰਾਂ ਦੀਆਂ ਸਭਾਵਾਂ ਹਨ ਤਾਂ ਇਹ ਸਭਾਵਾਂ ਇਕ ਮੋਮਿਨ ਨੂੰ ਪਸੰਦ ਨਹੀਂ ਹੋਣੀਆਂ ਚਾਹੀਦੀਆਂ ।

ਅਜਿਹੀਆਂ ਸਭਾਵਾਂ ਤੋਂ ਝੱਟ ਮੋਮਿਨ ਨੂੰ ਉਠੱ ਜਾਣਾ ਚਾਹੀਦਾ ਹੈ । ਜੇਕਰ ਇਸ ਪਾਸੇ ਸਾਡਾ ਧਿਆਨ ਹੈ ਤਾਂ ਸਾਡੇ ਵੱਡੇ ਵੀ ਅਤੇ ਨੌਜੁਆਨ ਵੀ ਬਹੁਤ ਸਾਰੀਆਂ ਬੁਰਾਈਆਂ ਤੋਂ ਬੱਚ ਜਾਣਗੇ ।

ਜਮਾਤ ਵਿੱਚ ਵੀ ਅਜਿਹੀਆਂ ਘਟਨਾਵਾਂ ਹੋ ਜਾਂਦੀਆਂ ਕਿ ਬੁਰੀਆਂ ਸੰਗਤਾਂ ਅਤੇ ਭੈੜੀਆਂ ਸਭਾਵਾਂ ਦੇ ਪ੍ਰਭਾਵ ਹੇਠ ਸਾਡੇ ਨੌਜੁਆਨ ਨੌਜੁਆਨੀ ਵਿੱਚ ਪੈਰ੍ਹ ਧਰਦਿਆਂ ਹੀ ਕਈ ਅਜਿਹੀਆਂ ਹਰਕਤਾਂ ਕਰ ਜਾਂਦੇ ਹਨ ਜੋ ਦੂਜਿਆਂ ਨੂੰ ਨੁਕਸਾਨ ਪਹੁਚਾਉਣ ਵਾਲੇ ਹੁੰਦੇ ਹਨ । ਗੁਆਂਢੀਆਂ ਨੂੰ ਹਾਣ ਪਹੁੰਚਾਇਆ ਜਾਂ ਮਾਰਗ ਚਲਦਿਆਂ ਨੂੰ ਹਾਣ ਪਹੁੰਚਾ ਦਿਤੱਾ ਜਾਂ ਕਿਸੇ ਥਾਂ ਗਏ ਤਾਂ ਵੈਸੇ ਹੀ ਸ਼ਰਾਰਤ ਵਿੱਚ ਕਿਸੇ ਨੂੰ ਹਾਨੀ ਪਹੁੰਚਾ ਦਿੱਤੀ ਅਤੇ ਫਿਰ ਜੇਕਰ ਇਹ ਪਤਾ ਲੱਗ ਜਾਏ ਕਿ ਇਹ ਜਮਾਤ ਦਾ ਵਿਅਕਤੀ ਹੈ, ਤਾਂ ਫਿਰ ਜਮਾਤ ਦੀ ਵੀ ਬਦਨਾਮੀ ਦਾ ਸਬਬ ਹੁੰਦੇ ਹਨ ਅਜਿਹੇ ਲੋਕ । ਸੋ, ਮਾਂਪਿਆਂ ਨੂੰ ਵੀ ਆਪਣਿਆ ਬੱਚਿਆਂ ਦੀਆਂ ਸੰਗਤ ਤੇ ਸਭਾਵਾਂ ਉਪੱਰ ਨਜ਼ਰ ਰਖੱਣੀ ਚਾਹੀਦੀ ਹੈ, ਤਾਂ ਜੋ ਸਾਡੇ ਨੌਜੁਅਆਨ, ਨੌਜੁਆਨੀ ਵਿੱਚ ਪੈਰ੍ਹ ਰਖੱਣ ਵਾਲੇ ਬੱਚੇ ਵੀ ਬੁਰੀਆਂ ਸੰਗਤਾਂ ਤੇ ਸਭਾਵਾਂ ਤੋਂ ਸੁਰੱਖਿਅਤ ਰਹਿਣ ਅਤੇ ਆਪ ਵੀ ਘਰਾਂ ਵਿੱਚ ਅਜਿਹੀਆਂ ਸਭਾਵਾਂ ਲਾਉਂਣੀਆਂ ਚਾਹੀਦੀਆਂ ਹਨ ਜੋ ਹਮੇਸ਼ਾਂ ਸੀਖ ਦੇ ਪੱਖੋਂ ਚੰਗੀਆਂ ਹੋਣ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ ਕਿ ਜੱਦ ਕੋਈ ਕੌਮ ਮਸਜਿਦ ਵਿੱਚ ਰੱਬ ਦੀ ਕਿਤਾਬ (ਕੁਰਆਨ ਕਰੀਮ) ਦੀ ਤਲਾਵਤ ਅਤੇ ਆਪੋ ਵਿੱਚ ਸੀਖ ਸਿੱਖਿਆ ਲਈ ਬੈਠੀ ਹੋਵੇ ਤਾਂ ਰੱਬ ਉਹਨਾਂ 'ਤੇ ਸ਼ਾਂਤੀ ਉਤਾਰਦਾ ਹੈ ਅਤੇ ਰੱਬ ਦੀ ਰਹਿਮਤ ਉਹਨਾਂ ਨੂੰ ਢੱਕ ਲੈਂਦੀ ਹੈ ਅਤੇ ਫ਼ਰਿਸ਼ਤੇ ਉਹਨਾਂ ਨੂੰ ਆਪਣੇ ਜਲੌ ਵਿੱਚ ਲੈ ਲੈਦੇ ਹਨ । ਰੱਬ ਦੀ ਬਹੁਤ ਵੱਡੀ ਮਿਹਰ ਹੈ ਕਿ ਜਮਾਤ ਨੂੰ ਅਜਿਹੇ ਮੌਕੇ ਉਪਲਭਦ ਹੁੰਦੇ ਰਹਿੰਦੇ ਹਨ । ਇਸੇ ਪ੍ਰਕਾਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ ਕਿ ਜੋ ਲੋਕ ਕਿਸੇ ਸਭਾ ਵਿੱਚ ਬੈਠਦੇ ਹਨ, ਓਥੇ ਰੱਬ ਦਾ ਸਿਮਰਣ ਨਹੀਂ ਕਰਦੇ, ਉਹ ਆਪਣੀ ਸਭਾ ਨੂੰ ਕਿਯਾਮਤ ਦੇ ਦਿਨ ਹਸਰਤ ਦੀ ਨਿਗਾਹ ਨਾਲ ਦੇਖਣਗੇ । ਸੋ, ਇਜਤਮਾ ਉਪੱਰ ਆਉਣ ਵਾਲਿਆਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਆਪਣੇ ਆਉਣ ਦੇ ਉਦੇਸ਼ ਨੂੰ ਪੂਰਾ ਕਰਨ ਅਤੇ ਆਪਣਾ ਸਮਾਂ ਹਾਸੇ ਠੱਠੇ ਅਤੇ ਵਿਅਰਥ ਗਲੱਾਂ ਵਿੱਚ ਲੰਘਾਉਣ ਦੀ ਥਾਂ ਬਹੁਤਾ ਸਮਾਂ ਜ਼ਿਕਰੇ ਇਲਾਹੀ (ਇਲਾਹੀ ਸਿਮਰਣ) ਤੇ ਨੇਕੀਆਂ ਦੀਆਂ ਗਲੱਾਂ ਕਰਨ ਤੇ ਸੁਨਣ ਵਿੱਚ ਲੰਘਾਉਣ ਤਾਂ ਜੋ ਸਾਡੀਆਂ ਸਭਾਵਾਂ ਕਿਯਾਮਤ ਦੇ ਦਿਨ ਕਦੇ ਵੀ ਹਸਰਤਾਂ ਨਾਲ ਦੇਖੀਆਂ ਜਾਣ ਵਾਲੀਆਂ ਸਭਾਵਾਂ ਨ ਹੋਣ । ਇਕ ਰਿਵਾਇਤ ਵਿੱਚ ਆਉਂਦਾ ਹੈ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਸੀਂ ਮੋਮਿਨ ਤੋਂ ਬਿਨਾਂ ਕਿਸੇ ਹੋਰ ਨਾਲ ਨ ਬੈਠੋ ਅਤੇ ਸੰਜਮੀ ਤੋਂ ਬਿਨਾ ਕੋਈ ਤੁਹਾਡਾ ਖਾਣਾ ਨ ਖਾਏ । ਅਰਥ ਇਹ ਹੈ ਕਿ ਤੁਹਾਡੀ ਗਹਿਰੀ ਮਿਤੱਰਤਾ ਤੁਹਾਡਾ ਬਹੁਤਾ ਉਠੱਣਾ ਬੈਠਣਾ, ਤੁਹਾਡਾ ਬਹੁਤਾ ਸਮਾਂ ਲੰਘਾਉਣਾ, ਤੁਹਾਡੀਆਂ ਸੰਗਤਾ ਅਜਿਹੇ ਲੋਕਾਂ ਨਾਲ ਹੋਣ ਜੋ ਇਮਾਨ ਵਿੱਚ ਮਜ਼ਬੂਤ ਹੋਣ ਅਤੇ ਸੰਜਮਤਾ ਉਪੱਰ ਚਲੱਣ ਵਾਲੇ ਹੋਣ ਤਾਂ ਤੁਸੀਂ ਵੀ ਨੇਕੀਆਂ ਤੇ ਸੰਜਮਤਾ ਵਿੱਚ ਅੱਗੇ ਵਧੋ ।

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਪਣੇ ਸੁਧਾਰ ਲਈ ਇਕ ਮਾਰਗ ਰੱਬ ਨੇ ਇਕ ਦੱਸਿਆ ਹੈ ਕਿ 'ਕੂਨੂ ਮਾਅਸ ਸਾਦਿਕੀਨ' (كُوْنُوْا مَعَ الصّٰدِقِيْنَ) ਅਰਥਾਤ ਜੋ ਲੋਕ ਕਥਨੀ, ਕਰਣੀ ਤੇ ਵਾਸਤਵਿਕ ਰੂਪ ਵਿੱਚ ਸਚੱਾਈ ਉਪੱਰ ਕਾਇਮ ਹਨ । ਸੰਗਤ ਦਾ ਬਹੁਤ ਪ੍ਰਭਾਵ ਹੁੰਦਾ ਹੈ ਜੋ ਅੰਦਰ ਹੀ ਅੰਦਰ ਹੁੰਦਾ ਜਾਂਦਾ ਹੈ । ਫ਼ਰਮਾਇਆ ਕਿ ਜੋ ਵਿਅਕਤੀ ਸ਼ਰਾਬਖ਼ਾਨੇ ਵਿੱਚ ਜਾਂਦਾ ਹੈ ਭਾਵੇਂ ਉਹ ਕਿੰਨ੍ਹਾ ਹੀ ਪਰਹੇਜ਼ ਕਰੇ ਅਤੇ ਆਖੇ ਕਿ ਮੈਂ ਨਹੀਂ ਪੀਂਦਾ ਇਕ ਦਿਨ ਆਏਗਾ ਕਿ ਉਹ ਜ਼ਰੂਰ ਪੀਏਗਾ । ਸੋ, ਹਮੇਸ਼ਾ ਹੀ ਬੁਰੀ ਸੰਗਤ ਤੋਂ ਬਚਣ ਦੀ ਲੋੜ ਹੈ । ਸਾਧਾਰਣ

ਸੰਸਾਰਕ ਵਪਾਰਾਂ ਵਿੱਚ ਹੋਰਨਾ ਨਾਲ ਵਾਸਤਾ ਹੁੰਦਾ ਹੈ ਪਰ ਇਹਨਾਂ ਸੰਬੰਧਾ ਦੀ ਸੀਮਾ ਹੋਣੀ ਚਾਹੀਦੀ ਇਹ ਨਹੀਂ ਕਿ ਉਹਨਾਂ ਦੀਆਂ ਵਿਅਰਥ ਸਭਾਵਾਂ ਵਿੱਚ ਵੀ ਜਾਣਾ ਸ਼ੁਰੂ ਕਰ ਦੇਵੇ । ਇਸ ਚੀਜ਼ ਨੂੰ ਰੋਕਣ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਹਾਡਾ ਬੇਦੀਨ ਲੋਕਾਂ ਨਾਲ ਬਹੁਤਾ ਉਠਣਾ ਬੈਠਣਾ ਖਾਣਾ ਪੀਣਾ ਤੁਹਾਨੂੰ ਧਰਮ ਅਤੇ ਸੰਜਮਤਾ ਤੋਂ ਦੂਰ ਕਰ ਦੇਵੇਗਾ । ਹਾਂ ਪ੍ਰਚਾਰ ਲਈ ਨੇਕ ਗਲੱਾਂ ਨੂੰ ਪਹੁੰਚਾਉਣ ਲਈ ਸੰਬੰਧ ਅਵਸ਼ ਕਾਇਮ ਕਰਨਾ ਚਾਹੀਦਾ ਹੈ ਇਸ ਦੇ ਬਿਨਾ ਪ੍ਰਚਾਰ ਨਹੀਂ ਹੋ ਸਕਦਾ ਪਰ ਇਸ ਕੰਮ ਲਈ ਉਹਨਾਂ ਨੂੰ ਆਪਣੀਆਂ ਸਭਾਵਾਂ ਵਿੱਚ ਲਿਆਉਣਾ ਚਾਹੀਦਾ ਹੈ ਕਿਉਂਕਿ ਇਹ ਨੇਕੀਆਂ ਦੀਆਂ ਸਭਾਵਾਂ ਫਿਰ ਆਪਣਾ ਪ੍ਰਭਾਵ ਛਡੱਦੀਆਂ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜੱਦ ਮਨੁੱਖ ਇਕ ਸੁਮਾਰਗੀ ਤੇ ਸੱਚੇ ਕੋਲ ਬਹਿੰਦਾ ਹੈ ਤਾਂ ਸਚੱਾਈ ਉਸ ਵਿੱਚ ਕੰਮ ਕਰਦੀ ਹੈ ਪਰ ਜੋ ਸੁਮਾਰਗੀਆਂ ਦੀ ਸੰਗਤ ਛਡੱਕੇ ਭੈੜਿਆਂ ਤੇ ਬੁਰਿਆਂ ਦੀ ਸੰਗਤ ਧਾਰਣ ਕਰਦਾ ਹੈ ਤਾਂ ਉਹਨਾਂ ਵਿੱਚ ਬਦੀ ਪ੍ਰਭਾਵ ਕਰ ਜਾਂਦੀ ਹੈ । ਇਸੇ ਲਈ ਫ਼ਰਮਾਇਆ ਕਿ ਇਸੇ ਕਰਕੇ ਹਦੀਸਾਂ ਤੇ ਕੁਰਆਨ ਕਰੀਮ ਵਿੱਚ ਬੁਰੀ ਸੰਗਤ ਤੋਂ ਪਰਹੇਜ਼ ਕਰਨ ਦੀ ਤਾਕੀਦ ਅਤੇ ਆਦੇਸ਼ ਪਾਇਆ ਜਾਂਦਾ ਹੈ ਅਤੇ ਲਿੱਖਿਆ ਹੈ ਕਿ ਜਿੱਥੇ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦਾ ਅਪਮਾਨ ਹੁੰਦਾ ਹੈ ਹੋਵੇ ਉਸ ਸਭਾ ਵਿੱਚੋਂ ਝੱਟ ਉਠ ਖਲੋਵੇ ਵਰਨਾ ਜੋ ਅਪਮਾਨ ਸੁਣਕੇ ਨਹੀਂ ਉਠੱਦਾ ਉਸ ਦੀ ਗਿਣਤੀ ਵੀ ਉਹਨਾਂ ਵਿੱਚ ਹੀ ਹੋਵੇਗੀ ।

ਫਿਰ ਆਪ ਫ਼ਰਮਾਉਂਦੇ ਹਨ ਸੱਚਿਆਂ ਅਤੇ ਸੁਮਾਰਗੀਆਂ ਕੋਲ ਰਹਿਣ ਵਾਲਾ ਵੀ ਉਹਨਾਂ ਵਿੱਚ ਗਿਣਿਆ ਜਾਂਦਾ ਹੈ ਇਸੇ ਕਰਕੇ ਕਿੰਨ੍ਹਾ ਜ਼ਰੂਰੀ ਹੈ ਕਿ ਇਸ ਗੱਲ ਲਈ ਕਿ ਮਨੁੱਖ 'ਕੂਨੂ ਮਾਅਸ ਸਦਿਕੀਨ' (كُوْنُوْا مَعَ الصّٰدِقِيْنَ) ਦੇ ਪਵਿਤੱਰ ਫ਼ਰਮਾਨ ਉਪੱਰ ਅਮਲ ਕਰੇ । ਫ਼ਰਮਾਇਆ ਕਿ ਹਦੀਸ ਸ਼ਰੀਫ਼ ਵਿੱਚ ਆਇਆ ਹੈ ਕਿ ਰੱਬ ਫ਼ਰਿਸ਼ਤਿਆਂ ਨੂੰ ਦੁਨੀਆ ਵਿੱਚ ਭੇਜਦਾ ਹੈ ਉਹ ਪਾਕ ਲੋਕਾਂ ਦੀਆਂ ਸਭਾਵਾਂ ਵਿੱਚ ਆਉਂਦੇ ਹਨ ਅਤੇ ਜੱਦ ਵਾਪਸ ਜਾਂਦੇ ਹਨ ਤਾਂ ਰੱਬ ਉਹਨਾਂ ਨੂੰ ਪੁਛੱਦਾ ਹੈ ਕਿ ਤੁਸੀਂ ਕੀ ਦੇਖਿਆ ? ਉਹ ਕਹਿੰਦੇ ਹਨ ਕਿ ਅਸੀਂ ਇਕ ਸਭਾ ਦੇਖੀ ਜਿਸ ਵਿੱਚ ਤੇਰਾ ਸਿਮਰਣ ਕਰ ਰਹੇ ਸਨ ਪਰ ਇਕ ਵਿਅਕਤੀ ਇਹਨਾ ਜ਼ਿਕਰ ਕਰਨ ਵਾਲਿਆਂ ਵਿੱਚੋਂ ਨਹੀਂ ਸੀ ਪਰ ਓਥੇ ਬੈਠਾ ਹੋਇਆ ਸੀ ਤਾਂ ਰੱਬ ਫ਼ਰਮਾਉਂਦਾ ਹੈ ਕਿ ਨਹੀਂ ਉਹ ਵੀ ਉਹਨਾਂ ਵਿੱਚੋਂ ਹੀ ਹੈ ਕਿਉਂਕਿ 'ਇਨੱਾਹੁਮ ਕੌਮੁਨ ਲਾ ਯਸ਼ਕਾ ਜਲੀਸੁਹੁਮ' (اِنَّهُمْ قَوْمٌ لَا يَشْقٰى جَلِيْسُهُمْ), ਇਸ ਤੋਂ ਸਾਫ਼ ਪਤਾ ਲਗੱਦਾ ਹੈ ਕਿ ਕਿ ਸੱਚਿਆਂ ਦੀਆਂ ਸਭਾਵਾਂ ਤੋਂ ਕਿੰਨ੍ਹੇ ਲਾਭ ਹਨ । ਬਹੁਤ ਬੇ ਨਸੀਬਾ ਹੈ ਉਹ ਵਿਅਕਤੀ ਜੋ ਸੰਗਤ ਤੋਂ ਦੂਰ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਹ ਗੱਲ ਬਹੁਤ ਜ਼ਰੂਰੀ ਹੈ ਕਿ ਤੁਸੀਂ ਲੋਕ ਦੁਆ ਰਾਹੀਂ ਰੱਬ ਦੀ ਮਆਰਫ਼ਤ ਮੰਗੋ । ਇਸ ਤੋਂ ਬਿਨਾ ਕਾਮਲ ਯਕੀਨ ਉਕੱਾ ਹੀ ਹਾਸਲ ਨਹੀਂ ਹੋ ਸਕਦਾ । ਉਹ ਉਸ ਸਮੇਂ ਹਾਸਲ ਹੋਵੇਗਾ ਜੱਦ ਇਹ ਪਤਾ ਹੋਵੇ ਰੱਬ ਨਾਲ ਸੰਬੰਧ ਤੋੜਨ ਨਾਲ ਇਕ ਮੌਤ ਹੈ । ਫ਼ਰਮਾਇਆ ਕਿ ਪਾਪ ਤੋਂ ਬਚਣ ਲਈ ਜਿੱਥੇ ਦੁਆ ਕਰੋ ਓਥੇ ਨਾਲ ਹੀ ਤਦਬੀਰ ਦੇ ਸੰਬੰਧ ਨੂੰ ਹੱਥੋਂ ਨ ਛੱਡੋ ਅਤੇ ਸਾਰੀਆਂ ਮਹਿਫ਼ਿਲਾਂ ਤੇ ਸੰਗਤਾਂ ਜਿੰਨ੍ਹਾ ਵਿੱਚ ਸ਼ਾਮਲ ਹੋਣ ਨਾਲ ਪਾਪ ਦੀ ਤਹਿਰੀਕ ਹੁੰਦੀ ਹੈ ਉਹਨਾਂ ਨੂੰ ਛੱਡ ਦਿਓ ਅਤੇ ਨਾਲ ਹੀ ਦੁਆ ਵੀ ਕਰਦੇ ਰਹੋ ਅਤੇ ਚੰਗੀ ਤਰ੍ਹਾਂ ਜਾਣ ਲਓ ਕਿ ਔਕੁੜਾਂ ਤੋਂ ਜੋ 'ਕਜ਼ਾਓ ਕਦਰ' (ਪ੍ਰਕ੍ਰਿਤੀ) ਵੱਲੋਂ ਮਨੁੱਖ ਦੇ ਨਾਲ ਪੈਦਾ ਹੁੰਦੀਆਂ ਹਨ ਜੱਦ ਤੱਕ ਰੱਬ ਦੀ ਮਦਦ ਨਾਲ ਨ ਹੋਵੇ ਉਕੱਾ ਹੀ ਮੁਕਤੀ ਨਹੀਂ ਹੁੰਦੀ । ਫ਼ਰਮਾਇਆ ਨਾਮਾਜ਼ ਜੋ ਪੰਜ ਵੇਲੇ ਪੜ੍ਹੀ ਜਾਂਦੀ ਹੈ ਉਸ ਵਿੱਚ ਵੀ ਇਹੋ ਸੰਕੇਤ ਹੈ ਕਿ ਜੇਕਰ ਉਹ ਨਫ਼ਸਾਨੀ ਜਜ਼ਬਿਆਂ ਤੇ ਵਿਚਾਰਾਂ ਤੋਂ ਸੁਰੱਖਿਅਤ ਨਹੀਂ ਰੱਖੇਗਾ ਉਦੋਂ ਤੱਕ ਉਹ ਸੱਚੀ ਨਮਾਜ਼ ਉਕੱਾ ਹੀ

ਨਹੀਂ ਹੋਵੇਗੀ । ਨਮਾਜ਼ ਦੇ ਅਰਥ ਟਕਰਾਂ ਮਾਰ ਲੈਂਣ ਅਤੇ ਰੀਤ ਤੇ ਆਦਤ ਦੇ ਰੂਪ ਵਿੱਚ ਪੜ੍ਹ ਲੈਂਣ ਦੇ ਉਕੱਾ ਹੀ ਨਹੀਂ, ਨਮਾਜ਼ ਉਹ ਚੀਜ਼ ਹੈ ਜਿਸ ਨੂੰ ਦਿਲ ਵੀ ਅਨੁਭਵ ਕਰੇ ਅਤੇ ਆਤਮਾ ਪੰਘਰਕੇ ਖ਼ੌਫ਼ਨਾਕ ਹਾਲਤ ਵਿੱਚ ਇਲਾਹੀ ਦਰ'ਤੇ ਡਿੱਗ ਪਏ । ਫ਼ਰਮਾਇਆ ਜਿੱਥੋਂ ਤੱਕ ਤਾਕਤ ਹੈ ਅਤੇ ਜਿੱਥੋਂ ਤੱਕ 'ਰਿਕੱਤ' (ਕੁਰਲਾਹਟ) ਪੈਦਾ ਕਰਨ ਦਾ ਜਤਨ ਕਰੇ ਅਤੇ ਰੋ ਰੋ ਕੇ ਦੁਆਵਾਂ ਮੰਗੇ ਕਿ ਸ਼ੋਖੀਆਂ ਤੇ ਪਾਪ ਜੋ ਵੀ ਨਫ਼ਸ ਵਿੱਚ ਹਨ ਉਹ ਦੂਰ ਹੋਣ, ਇਸ ਪ੍ਰਕਾਰ ਦੀ ਨਮਾਜ਼ ਬਰਕਤਾਂ ਭਰਪੂਰ ਹੁੰਦੀ ਹੈ । ਇਕ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕੁਝ ਕਲਮੇ ਅਜਿਹੇ ਹਨ ਜਿਸ ਨੇ ਵੀ ਇਹਨਾ ਕਲਮਿਆਂ ਨੂੰ ਕਿਸੇ ਭਲਾਈ ਦੀ ਸਭਾ ਵਿੱਚ ਅਤੇ ਇਲਾਹੀ ਸਿਮਰਣ ਦੀ ਸਭਾ ਵਿੱਚ ਪੜ੍ਹੇ ਤਾਂ ਉਹਨਾਂ ਨਾਲ ਉਸ'ਤੇ ਮੁਹਰ ਲਾ ਦਿੱਤੀ ਜਾਵੇਗੀ ਅਤੇ ਉਹ ਕਲਮੇ ਇਹ ਹਨ ਕਿ :

'ਸੁਬਹਾਨਾ ਕਲੱਾ ਹੁਮੱਾ ਵਾਬਿ ਹਮਦਿਕਾ ਅਸ਼ਹਾਦੁ ਅਲੱਾਇਲਾਹਾ ਇਲੱਾ ਅੰਤਾ ਅਸਤਗ਼ਫ਼ਿਰੁਕਾ ਵ ਅਤੂਬੁ ਇਲੈਕਾ'

(سُبْحَانَكَ اللّٰهُمَّ وَبِحَمْدِكَ اَشْهَدُ اَلَّا اِلٰهَ اِلَّا اَنْتَ اَسْتَغْفِرُكَ وَاَتُوْبُ اِلَيْكَ)

ਕਿ ਹੇ ਅਲੱਾਹ ਤੂੰ ਆਪਣੀ ਹਮਦ (ਉਸਤਤੀ) ਨਾਲ ਪਾਕ ਹੈ ਤੇਰੇ ਬਿਨਾ ਕੋਈ ਮਾਬੂਦ (ਪੂਜਨੀਕ) ਨਹੀਂ, ਮੈਂ ਤੇਥੋਂ ਬਖ਼ਸ਼ਿਸ਼ ਦਾ ਜਾਚਕ ਹਾਂ ਅਤੇ ਤੇਰੀ ਵੱਲ ਧਿਆਨ ਕਰਦਾ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਦੁਆ ਜੋ ਨਾਪਸੰਦ ਗਲੱਾਂ ਹਨ ਉਹਨਾਂ ਦੇ ਪ੍ਰਭਾਵ ਤੋਂ ਦੂਰ ਰਖੱਦੀਆਂ ਹਨ ਅਤੇ ਮਨੁੱਖ ਨੂੰ ਨੇਕ ਸਭਾਵਾਂ ਦੇ ਫ਼ੈਜ਼ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦਾ ਸਬਬ ਬਣਾਉਂਦੀਆਂ ਹਨ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਹਮੇਸ਼ਾ ਬੁਰੀਆਂ ਸਭਾਵਾਂ ਤੋਂ ਬਚਣ ਵਾਲੇ ਹੋਈਏ ਅਤੇ ਜੇਕਰ ਕਦੇ ਅਨਜਾਣੇ ਵਿੱਚ ਸ਼ਾਮਲ ਹੋ ਜਾਈਏ ਤਾਂ ਉਹਨਾ ਦੇ ਬੁਰੇ ਪ੍ਰਭਾਵਾਂ ਤੋਂ ਸੁਰੱਖਿਅਤ ਰਹਿਣ । ਹਮੇਸ਼ਾ ਪਾਕ ਸਭਾਵਾਂ ਦੀ ਭਾਲ ਵਿੱਚ ਰਹਿਣ ਅਤੇ ਉਹਨਾਂ ਵਿੱਚ ਬੈਠਣ ਵਾਲੇ ਹੋਈਏ ਅਤੇ ਉਹਨਾ ਪਾਕ ਸਭਾਵਾਂ ਦੀ ਪਵਿਤੱਰਤਾ ਅਤੇ ਰੱਬ ਦੀ ਮਿਹਰ ਨਾਲ ਲਾਭਵੰਤ ਹੋਣ ਵਾਲੇ ਹੋਈਏ । ਰੱਬ ਹਮੇਸ਼ਾ ਸਾਨੂੰ ਸੁਰੱਖਿਅਤ ਰੱਖੇ । ਹਜ਼ੂਰ ਅਨਵਰ ਨੇ ਇਕ ਅਫ਼ਰੀਕਨ ਅਹਮਦੀ ਮੁਕਰੱਮ ਬਿਲਾਲ ਅਬਦੁਸੱਲਾਮ ਸਾਹਬ ਆਫ਼ Philadelphia ਯੂ.ਐਸ.ਏ. ਦੀ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਉਹਨਾਂ ਦੇ ਸਦਗੁਣਾ ਨੂੰ ਵਰਨਣ ਕੀਤਾ ।

**Khulasa Khutba Jumma 22.09.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131